ਘੋੜੀ ਸ਼ਹੀਦ ਭਗਤ ਸਿੰਘ

ਆਵੇ ਨੀਂ ਭੈਣੋ ਰਲ ਗਾਵੀਏ ਘੋੜੀਆਂ,
ਜੰਞ ਤੇ ਹੋਈ ਏ ਤਿਆਰ ਵੇ ਹਾਂ|

ਮੌਤ ਕੁੜੀ ਨੂੰ ਪਰਨਾਵਣ ਚੱਲਿਆ,
ਦੇਸ਼ ਭਗਤ ਸਰਦਾਰ ਵੇ ਹਾਂ|

ਫਾਂਸੀ ਦੇ ਤਖ਼ਤੇ ਵਾਲਾ ਖ਼ਾਰਾ ਬਣਾਕੇ,
ਬੈਠਾ ਤੂੰ ਚੌਂਕੜੀ ਮਾਰ ਵੇ ਹਾਂ|

ਹੰਝੂਆਂ ਦੇ ਪਾਣੀ ਭਰ ਨਹਾਵੇ ਘੜੋਲੀ,
ਲਹੂ ਦੀ ਰੱਤੀ ਮੋਹਲੀ ਧਾਰ ਵੇ ਹਾਂ|

ਫਾਂਸੀ ਦੀ ਟੋਪੀ ਵਾਲਾ ਮੁਕਟ ਬਣਾ ਕੇ,
ਸਿਹਰਾ ਤੂੰ ਬੱਧਾ ਝਾਲਰਦਾਰ ਵੇ ਹਾਂ|

ਜੜ੍ਹ ਤੇ ਵੱਢੀ ਲਾੜੇ ਜ਼ੋਰ ਜ਼ੁਲਮ ਦੀ,
ਸਬਰ ਦੀ ਮਾਰ ਤਲਵਾਰ ਵੇ ਹਾਂ|

ਰਾਜਗੁਰੂ ਤੇ ਸੁਖਦੇਵ ਸਰਬ੍ਹਾਲੇ,
ਚੜ੍ਹਿਆ ਤੇ ਤੂੰ ਵੀ ਵਿਚਕਾਰ ਵੇ ਹਾਂ|

ਵਾਗ–ਫੜਾਈ ਤੈਥੋਂ ਭੈਣਾਂ ਨੇ ਲੈਣੀ,
ਭੈਣਾਂ ਨੇ ਰੱਖਿਆ ਉਧਾਰ ਵੇ ਹਾਂ|

ਹਰੀ ਕ੍ਰਿਸ਼ਨ ਤੇਰਾ ਬਣਿਆ ਵੇ ਸਾਂਢੂ,

ਢੁੱਕੇ ਤੇ ਤੁਸੀਂ ਇੱਕੋ ਵਾਰ ਵੇ ਹਾਂ|

ਪੈਂਤੀ ਕਰੋੜ ਤੇਰੇ ਜਾਂਝੀ ਵੇ ਲਾੜਿਆ,
ਕਈ ਪੈਦਲ ਤੇ ਕਈ ਸਵਾਰ ਵੇ ਹਾਂ|

ਕਾਲੀਆਂ ਪੁਸ਼ਾਕਾਂ ਪਾਕੇ ਜੰਝ ਜੁ ਤੁਰ ਪਈ,
ਤਾਇਰ ਵੀ ਹੋਇਆ ਏ ਤਿਆਰ ਵੇ ਹਾਂ|

–ਤਾਇਰ